# ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ, ਐਸ.ਏ.ਐਸ.ਨਗਰ

## (ਰੈਗੂਲੇਟਰੀ ਸ਼ਾਖਾ )

## ਪਬਲਿਕ ਨੋਟਿਸ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮੈ: ਮਾਰਡਨ ਪਲੈਨਰ ਪ੍ਰਾਈਵੇਟ ਲਿਮਟਿਡ ਨੂੰ ਪਿੰਡ ਦਾਊ ਤਹਿਸੀਲ ਖਰੜ, ਜਿਲ੍ਹਾ ਰੋਪੜ (ਹੁਣ ਮੋਹਾਲੀ) ਨੇ **ਗਰੀਨ ਇਨਕਲੇਵ** ਨਾਮ ਦੀ ਕਲੋਨੀ ਸਥਾਪਤ ਕਰਨ ਲਈ ਦੀ **ਪੰਜਾਬ ਰੈਗੂਲੇਸਨ** ਆਫ ਕਾਲੋਨੀਜ ਐਕਟ, 1975 ਦੀਆਂ ਧਾਰਾਵਾਂ **ਅਨੁਸਾਰ ਮਿਤੀ** 06-06-1988 ਨੂੰ ਸਮੱਰਥ ਅਧਿਕਾਰੀ ਤੋਂ ਲਾਇਸੈਂਸ ਪ੍ਰਾਪਤ ਕੀਤਾ ਸੀ। ਇਹ ਲਾਇਸੈਂਸ ਜਾਰੀ ਕਰਦੇ ਸਮੇਂ ਸਮਰੱਥ **ਅਧਿਕਾਰੀ** ਨੇ ਇਹ ਸ਼ਰਤ ਲਗਾਈ ਸੀ ਕਿ ਪਰਮੋਟਰ ਰੁਪਏ 5,24,723.25 ਦੀ ਰਕਮ **ਬੈਂਕ ਗਰੰਟੀ** ਵਜੋਂ ਜਮ੍ਹਾ ਕਰਵਾਏਗਾ । **ਇਸ ਤੋਂ ਇਲਾਵਾ ਪੰਜਾਬ ਸਰਕਾਰ** ਵੱਲੋਂ ਮੈ: ਮਾਰਡਨ ਪਲੈਨਰ ਪ੍ਰਾਈਵੇਟ ਲਿਮਟਿਡ ਨੂੰ **ਗਰੀਨ ਇਨਕਲੇਵ ਨਾਮ** ਦੀ ਕਲੋਨੀ **ਸਥਾਪਤ ਕਰਨ ਲਈ 68 ਕਨਾਲ ਭੌਂ ਜਿਨ੍ਹਾ** ਦੇ ਖਸਰਾ ਨੰ: 40/9/2, 9/3,13, 14/1,17, 18,19/2, 23/2,24,25, 12/1,10,11/2,11/3, 12/2, 16, 19/1, 22/1 , 23, 41/20 ਜਿਸ ਵਿੱਚ ਇਹ ਸ਼ਰਤ **ਲਗਾਈ ਗਈ ਸੀ** ਕਿ ਕਲੋਨਾਇਜ਼ਰ ਡਿਵੈਲਪਮੈਂਟ **ਦੇ ਕੰਮਾਂ ਤੇ ਆਉਣ ਵਾਲੇ ਖਰਚਿਆਂ** ਦੇ 50 % ਦੇ **ਬਰਾਬਰ ਸਮੱਰਥ ਅਧਿਕਾਰੀ** ਕੋਲ **ਬੈਂਕ** ਗਰੰਟੀ ਵਜੋਂ ਜਮ੍ਹਾ ਕਰਵਾਏਗਾ, ਪਰ **ਪਰਮੋਟਰ ਨੇ ਨਾ ਤਾਂ ਲਾਇਸੈਂਸ** ਦੀਆਂ ਸ਼ਰਤਾਂ ਅਨੁਸਾਰ ਅਤੇ ਨਾ ਹੀ **ਸਰਕਾਰ ਵੱਲੋਂ** ਜਾਰੀ ਕੀਤੇ ਗਏ ਭੌਂ ਮੰਤਵ ਤਬਦੀਲੀ ਲਈ ਜਾਰੀ **ਕੀਤੀ ਗਈ ਪ੍ਰਵਾਨਗੀ** ਦੇ ਸਨਮੁੱਖ ਕੋਈ ਬੈਂਕ ਗਰੰਟੀ ਸਮੱਰਥ ਅਧਿਕਾਰੀ ਕੋਲ ਜਮ੍ਹਾ ਨਹੀ ਕਰਵਾਈ । ਜਿਸ ਕਰਕੇ **ਸਮਰੱਥ ਅਧਿਕਾਰੀ ਵੱਲੋਂ ਉਕਤ** ਕਲੋਨਾਇਜ਼ਰ ਨੂੰ ਜ਼ਾਰੀ ਕੀਤਾ ਗਿਆ ਲਾਇਸੈਂਸ ਮਿਤੀ 21-07-1989 ਨੂੰ ਰੱਦ ਕਰ ਦਿੱਤਾ ਗਿਆ । **ਇਸ ਤਰ੍ਹਾਂ ਸਰਕਾਰ ਨੇ ਵੀ** ਭੌਂ ਮੰਤਵ ਤਬਦੀਲੀ ਦੀਆਂ ਸ਼ਰਤਾਂ ਦੀ ਪਰਮੋਟਰ ਵਲੋਂ ਪਾਲਣਾ ਨਾ ਕਰਨ ਕਰਕੇ ਉਸ ਨੂੰ ਜਾਰੀ ਕੀਤਾ ਗਿਆ **ਲਾਇਸੈਂਸ** ਮਿਤੀ 09-07-1992 ਨੂੰ ਰੱਦ ਕਰ ਦਿੱਤਾ । ਮੈ: ਮਾਰਡਨ ਪਲੈਨਰ ਪ੍ਰਾਈਵੇਟ ਲਿਮਟਿਡ, ਦਾਊ ਨੂੰ ਜੋ ਗਰੀਨ **ਇਨਕਲੇਵ** ਨਾਮ ਦੀ ਕਲੋਨੀ ਸਥਾਪਤ ਕਰਨ ਲਈ ਲਾਇਸੈਂਸ ਜਾਰੀ ਕੀਤਾ ਗਿਆ, ਉਹ ਇਸ ਕਲੋਨੀ ਦੇ ਕਰਤਾ-ਧਰਤਾ **ਸ੍ਰੀ ਭੂਪਿੰਦਰ ਪਾਲ ਸਿੰਘ**, ਪ੍ਰਵੀਨ ਕੁਮਾਰ ਅਗਨੀਹੋਤਰੀ, ਸ੍ਰੀਮਤੀ ਹਰਬੰਸ ਕੌਰ ਅਤੇ ਸ੍ਰੀ ਅਨੀਲ ਕੁਮਾਰ ਨੂੰ ਦਿੱਤਾ ਗਿਆ ਸੀ । **ਸ੍ਰੀ ਭੂਪਿੰਦਰ ਪਾਲ ਸਿੰਘ** ਅਤੇ ਹੋਰਨ੍ਹਾ ਨੇ ਇਹ ਕਲੋਨੀ ਦਾ ਲਾਇਸੈਂਸ ਮਿਤੀ 21-07-1989 ਨੂੰ ਸਮੱਰਥ ਅਧਿਕਾਰੀ ਵੱਲੋਂ **ਕੈਂਸਲ ਕਰਨ ਦੇ ਬਾਵਜੂਦ** ਵੀ ਪਲਾਟਾਂ ਨੂੰ ਵੇਚਣ ਦਾ ਕੰਮ ਜਾਰੀ ਰੱਖਿਆ । ਜਿਸ ਕਰਕੇ ਕਲੋਨਾਇਜ਼ਰ ਨੇ ਦੀ ਪੰਜਾਬ ਰੈਗੂਲੇਸ਼ਨ ਆਫ **ਕਲੋਨੀਜ਼ ਐਕਟ**-1975 ਅਤੇ ਪੰਜਾਬ ਅਪਾਰਟਮੈਂਟ ਐਂਡ ਪ੍ਰੋਪਰਟੀ ਐਕਟ 1995 ਦੀ ਉਲੰਘਣਾ ਕੀਤੀ ਹੈ । ਇਸ ਦੇ ਨਾਲ ਹੀ ਦੀ ਪੰਜਾਬ ਨਿਊ ਕੈਪੀਟਲ (ਪੈਰਾਫੇਰੀ ) ਕੰਟਰੋਲ ਐਕਟ 1952 ਦੀ ਉਲੰਘਣਾ ਕਰਕੇ ਆਪਣੇ ਆਪ ਨੂੰ ਇਨ੍ਹਾ ਐਕਟਾਂ ਅਧੀਨ **ਜ਼ੁਰਮ ਦਾ ਭਾਗੀ ਬਣਾਇਆ ਹੈ** ।

ਉਪਰੋਕਤ ਦਰਸਾਏ ਪਰਮੋਟਰ **ਵਿਰੁੱਧ ਅਣ-ਅਧਿਕਾਰਤ ਕਲੋਨੀ** ਦੀ ਸਥਾਪਨਾ ਕਰਨ ਕਰਕੇ ਸਮੱਰਥ ਅਧਿਕਾਰੀ ਵੱਲੋਂ ਸੀਨੀਅਰ ਪੁਲਿਸ ਕਪਤਾਨ, ਮੋਹਾਲੀ ਨੂੰ **ਐਫ.ਆਈ.ਆਰ.ਦਰਜ਼** ਕਰਨ ਲਈ ਲਿਖਿਆ ਗਿਆ ਸੀ, ਜਿਸ ਦੇ ਅਧਾਰ ਤੇ ਉਕਤ ਦਰਸਾਏ ਪਰਮੋਟਰਾਂ ਦੇ ਖਿਲਾਫ ਕਲੋਨੀਕਾਰਾਂ ਵੱਲੋਂ ਲੋਕਾਂ ਨਾਲ ਧੋਖਾ-ਧੜੀ ਕਰਨ ਅਤੇ ਪਾਪੜ੍ਹਾ ਐਕਟ-1995 ਦੀਆਂ ਧਾਰਾਵਾਂ ਦੀ ਉਲੰਘਣਾ ਕਰਨ ਕਰਕੇ ਐਫ.ਆਈ.ਆਰ. ਦਰਜ ਕੀਤੀ ਗਈ ਹੈ । ਇਸ ਲਈ ਆਮ ਜਨਤਾ ਨੂੰ ਇਸ ਇਸ਼ਤਿਹਾਰ ਰਾਂਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਪਰੋਕਤ ਦਰਸਾਈ ਗਰੀਨ ਇਨਕਲੇਵ ਨਾਮ ਦੀ ਕਲੋਨੀ ਮੁੱਢ ਤੋਂ ਹੀ ਅਣ-ਅਧਿਕਾਰਤ ਕਲੋਨੀ ਹੈ ਅਤੇ ਇਸ ਅਣ-ਅਧਿਕਾਰਤ ਕਲੋਨੀ ਵਿੱਚ ਅਤੇ ਇਸ ਦੇ ਨਾਲ ਲੱਗਦੇ ਇਲਾਕੇ ਵਿੱਚ ਪਲਾਟਾਂ ਦੀ ਕੋਈ ਖਰੀਦੋ-ਫਰੋਖਤ ਨਾ ਕੀਤੀ ਜਾਵੇ । ਜੇਕਰ ਕੋਈ ਆਪਣੇ ਪੱਧਰ ਤੇ ਖਰੀਦੋ-ਫਰੋਕਤ ਕਰਦਾ ਹੈ ਤਾਂ ਉਹ ਨਿਕਲਣ ਵਾਲੇ ਸਿਟਿਆ ਦਾ ਆਪਣੇ ਆਪ ਜਿੰਮੇਵਾਰ ਹੋਵੇਗਾ ।

ਵਧੀਕ ਮੁੱਖ ਪ੍ਰਸਾਸਕ,
ਗਮਾਡਾ,ਮੋਹਾਲੀ ।